# ਜਨਗਣਨਾ ਦਾ ਦਿਨ
# 7 ਮਾਰਚ 2023

## 2023 ਦੀ ਜਨਗਣਨਾ ਸਾਡੇ ਸਾਰਿਆਂ ਬਾਰੇ ਹੈ।



Te Kāwanatanga o Aotearoa
New Zealand Government

Census | Stats NZ
Tatau tātou - All of us count

PUNJABI

# ਜਦੋਂ ਅਸੀਂ ਸਾਰੇ ਜਨਗਣਨਾ ਵਿੱਚ ਹਿੱਸਾ ਲੈਂਦੇ ਹਾਂ, ਤਾਂ ਅਸੀਂ ਸਾਰੇ ਗਿਣੇ ਜਾਂਦੇ ਹਾਂ।

ਜਨਗਣਨਾ ਹਰ ਪੰਜ ਸਾਲ ਬਾਅਦ ਹੋਣ ਵਾਲਾ ਦੇਸ਼ ਵਿਆਪੀ ਸਰਵੇਖਣ ਹੈ। ਇਹ Aotearoa ਨਿਊਜ਼ੀਲੈਂਡ ਵਿੱਚ ਹਰੇਕ ਵਿਅਕਤੀ ਦੀ ਅਧਿਕਾਰਤ ਗਿਣਤੀ ਹੈ, ਅਤੇ ਉਹ ਸਥਾਨ ਜਿੱਥੇ ਉਹ ਰਹਿੰਦੇ ਹਨ ਜਾਂ ਠਹਿਰਦੇ ਹਨ (ਨਿਵਾਸ)।

ਜਨਗਣਨਾ ਹਰ ਕਿਸੇ ਨੂੰ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ Aotearoa ਨਿਊਜ਼ੀਲੈਂਡ ਸਮੇਂ ਦੇ ਨਾਲ ਕਿਵੇਂ ਬਦਲਿਆ ਹੈ। ਇਹ ਲੋਕਾਂ ਅਤੇ ਭਾਈਚਾਰਿਆਂ, ਜਿਵੇਂ ਕਿ ਹਸਪਤਾਲਾਂ, ਸਕੂਲਾਂ ਅਤੇ ਜਨਤਕ ਆਵਾਜਾਈ ਲਈ iwi, ਕਮਿਊਨਿਟੀ ਗਰੁੱਪਾਂ, ਅਤੇ ਸਰਕਾਰ ਨੂੰ ਸੇਵਾਵਾਂ ਦੀ ਯੋਜਨਾ ਬਣਾਉਣ ਵਿੱਚ ਵੀ ਮਦਦ ਕਰਦੀ ਹੈ।

ਹਰੇਕ ਵਿਅਕਤੀ ਜੋ **ਜਨਗਣਨਾ ਦਿਵਸ, ਮੰਗਲਵਾਰ 7 ਮਾਰਚ 2023** ਨੂੰ Aotearoa ਨਿਊਜ਼ੀਲੈਂਡ ਵਿੱਚ ਹੈ, ਨੂੰ ਜਨਗਣਨਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਤੁਸੀਂ ਜਨਗਣਨਾ ਔਨਲਾਈਨ ਜਾਂ ਕਾਗਜ਼ 'ਤੇ ਕਰ ਸਕਦੇ ਹੋ।

Stats NZ ਤੁਹਾਡੀ ਜਾਣਕਾਰੀ ਅਤੇ ਪਛਾਣ ਦੀ ਰੱਖਿਆ ਕਰਦਾ ਹੈ। ਅਸੀਂ ਯਕੀਨੀ ਬਣਾਉਂਦੇ ਹਾਂ ਕਿ ਸਾਡੇ ਦੁਆਰਾ ਪਰ੍ਕਾਸ਼ਿਤ ਕੀਤੇ ਗਏ ਡੇਟਾ ਵਿੱਚ ਤੁਹਾਡੀ ਪਛਾਣ ਨਾ ਕੀਤੀ ਜਾ ਸਕੇ।

ਅਸੀਂ ਤੁਹਾਡੇ ਵਿਅਕਤੀਗਤ ਜਵਾਬਾਂ ਨੂੰ ਕਿਸੇ ਨਾਲ ਸਾਂਝਾ ਨਹੀਂ ਕਰਦੇ ਹਾਂ, ਉਦਾਹਰਨ ਲਈ ਸਰਕਾਰੀ ਸੰਸਥਾਵਾਂ ਜਿਵੇਂ ਕਿ ਵਰਕ ਐਂਡ ਇਨਕਮ, Kāinga Ora, ਪੁਲਿਸ, ਜਾਂ ਇਮੀਗਰੇ੍ਸ਼ਨ ਨਿਊਜ਼ੀਲੈਂਡ ਨੂੰ।

**ਵਧੇਰੇ ਜਾਣਕਾਰੀ ਲਈ www.census.govt.nz 'ਤੇ ਜਾਓ।**
**ਫ੍ਰੀਫ਼ੋਨ 0800 CENSUS (0800 236 787), 6 ਫਰਵਰੀ ਨੂੰ ਖੁੱਲਹ੍ਹਾ ਹੈ।**